1918 ਵਿਚ, ਦੁਨੀਆ ਨੂੰ ਇੱਕ ਜ਼ਬਰਦਸਤ ਬਿਮਾਰੀ, ਆਧੁਨਿਕ ਇਤਿਹਾਸ ਵਿਚ ਫੈਲੀ, ਸਭ ਤੋਂ ਖ਼ਤਰਨਾਕ ਬਿਮਾਰੀ ਨੇ ਹਿਲਾ ਕੇ ਰੱਖ ਦਿਤਾ। ਇਹ ਬਿਮਾਰੀ ਇੰਨਫ਼ਲੂਐਂਜ਼ਾ ਸੀ, ਪਰ ਇਹ ਕੋਈ ਸਧਾਰਣ ਫ਼ਲੂ ਸੀ....

ਕੋਈ ਆਮ ਫ਼ਲੂ ਨਹੀਂ

ਇਸ ਤੋਂ ਇਲਾਵਾ ਇਸ ਅੰਕ ਵਿਚ ਹੈ: ਤੁਸੀ ਮਹਾਮਾਰੀ ਵਾਲੇ ਮੌਜੂਦਾ ਖ਼ਤਰੇ ਲਈ ਕਿਵੇਂ ਤਿਆਰ ਹੋ ਸਕਦੇ ਹੋ

NO ORDINARY FLU
ਹੈਲੋ ਮੰਮੀ,
ਇਹ ਕੌਣ ਹੈ?
FAMILY PHOTOS
ਉਹ ਤੁਹਾਡੇ ਵੱਡੇ ਅੰਕਲ ਅਰਤੁਰੋ ਹਨ। ਉਹਨਾਂ ਦੀ ਸਪੇਨ
ਵਿਚ ਫ਼ਲੂ ਮਹਾਮਾਰੀ ਵਿਚ ਮੌਤ ਹੋ ਗਈ ਸੀ—ਉਹ ਦੱਸਦੇ ਹਨ ਕਿ ਇਸ
ਨਾਲ ਵੱਡੀ ਮਾਰੀਆ ਦਾਦੀ ਜੀ ਦਾ ਦਿਲ ਲਗਭਗ ਟੁੱਟ ਗਿਆ ਸੀ।
ਪਰ ਉਹ ਬਹੁਤ ਜਵਾਨ ਲੱਗਦੇ ਹਨ। ਹੋਇਆ ਕੀ ਸੀ?

1918 ਦੀ ਪਤਝੜ ਵਿਚ, ਪਹਿਲੀ ਵਿਸ਼ਵ ਜੰਗ ਖ਼ਤਮ ਹੁੰਦੀ ਲੱਗਦੀ ਸੀ...
Welcome HOME!
ਸਾਡੇ ਪਰਿਵਾਰ ਲਈ, ਚੰਗਾ ਸਮਾਂ ਆ ਰਿਹਾ ਸੀ।
ਵਾਪਸ ਆ ਕੇ ਚੰਗਾ ਲਗ ਰਿਹਾ ਹੈ, ਭਾਵੇਂ ਇਸ ਦਾ ਮਤਲਬ, ਸਟੋਰ ਵਿਚ ਮੰਮੀ-ਪਾਪਾ ਦੀ ਮਦਦ ਕਰਨਾ ਹੀ ਹੋਵੇ।
ਹਰ ਕੋਈ ਆਰਤੁਰੋ ਨੂੰ ਪਿਆਰ ਕਰਦਾ ਸੀ।
ਫ਼ੌਜੀਆ! ਤੇਰਾ ਵਾਪਸ ਆਉਣਾ ਬਹੁਤ ਚੰਗਾ ਲਗਾ।
ਸ਼ੁਕਰੀਆ ਮੈਕਸ!
ਪਰ ਜ਼ਿੰਦਗੀ ਵਿਚ ਛੇਤੀ ਹੀ ਇੱਕ ਨਾਟਕੀ ਮੋੜ ਆਉਣ ਵਾਲਾ ਸੀ।
ਆਂਟੀ ਈਵਾ ਨੇ ਦਸਿਆ ਕਿ ਫਿਲਾਡੈਲਫੀਆ ਵਿਚ ਲੋਕੀਂ ਇਨਫ਼ਲੂਐਂਜ਼ਾ ਤੋਂ ਮਰ ਰਹੇ ਹਨ।
The News
ਪੂਰਬੀ ਸਾਹਿਲ ਵਿਚ ਜਾਨਲੇਵਾ ਫ਼ਲੂ

ਕੁਝ ਹਫ਼ਤਿਆਂ ਵਿਚ ਹੀ ਇਥੇ ਫ਼ਲੂ ਫੈਲ ਗਿਆ ਅਤੇ ਸਭ ਤੋਂ ਪਹਿਲਾਂ, ਤੁਹਾਡੀ ਵੱਡੀ ਦਾਦੀ ਬਿਮਾਰ ਪਈ।
ਉਹ ਬੇਸੁੱਧ ਹੈ। ਮੈਂ ਉਹਨਾਂ ਦਾ ਧਿਆਨ ਰਖਾਂਗੀ ਆਰਤੂਰੋ, ਸਟੋਰ ਵਿਚ ਮੇਰੀ ਥਾਂ ਕੰਮ ਕਰੋ।
ਲਗਭਗ ਰਾਤ ਵਿਚ ਹੀ, ਉਹਨਾਂ ਦੀ ਦੁਨੀਆ ਬਦਲ ਗਈ ਸੀ।
LINCOLN THEATER
The FATAL RING PEARL WHITE
CLOSED BY ORDER OF HEALTH DEPARTMENT INFLUENZA
ਅੱਜ ਕੋਈ ਡਿਲੀਵਰੀ ਨਹੀਂ ਹੈ। ਮੈਕਸ ਬਿਮਾਰ ਹੈ।
SPECIAL
BUY U.S BONDS
ਜਦੋਂ ਉਸਦੀ ਮਾਂ ਬਿਮਾਰ ਪਈ, ਤਾਂ ਆਰਤੂਰੋ ਨੇ ਉਹਨਾਂ ਦਾ ਅਤੇ ਮਾਰੀਆ ਦਾ ਖ਼ਿਆਲ ਰਖਿਆ।
ਆਰਤੂਰੋ, ਸਾਡੇ ਕੋਲ ਕੋਈ ਵੀ ਨਰਸਾਂ ਉਪਲਬਧ ਨਹੀਂ ਹਨ। ਸਾਡੇ ਕਈ ਡਾੱਕਟਰ ਅਤੇ ਨਰਸਾਂ ਬਿਮਾਰ ਹਨ ਅਤੇ ਇਥੇ ਇੰਨੇ ਜ਼ਿਆਦਾ ਲੋਕ ਬਿਮਾਰ ਹਨ।
ਸਟੋਰ ਵਿਚ ਵੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਸੀ।
ਮੈਨੂੰ ਮਾਫ਼ ਕਰਨਾ ਮੈਡਮ। ਸਾਡੇ ਕੋਲ ਜਹਾਜ਼ ਰਾਹੀਂ ਵੀ ਕੋਈ ਸਮਾਨ ਨਹੀਂ ਆ ਰਿਹਾ।

ਪੂਰਾ ਸ਼ਹਿਰ ਬਿਮਾਰ ਸੀ।
GOING OUT OF BUSINESS
ਸੇਵਾਵਾਂ ਰੱਦ
ਖ਼ੁਸ਼ਕਿਸਮਤੀ ਨਾਲ, ਕੁਝ ਹਫ਼ਤਿਆਂ ਮਗਰੋਂ ਮਾਰੀਆ ਅਤੇ ਉਸਦੀ ਮਾਂ ਠੀਕ ਹੋਣੀਆਂ ਸ਼ੁਰੂ ਹੋ ਗਈਆਂ।
ਪਰ ਪਰਿਵਾਰ ਹਾਲੀਂ ਵੀ ਫ਼ਲੂ ਤੋਂ ਸੁਰਖਿਅਤ ਨਹੀਂ ਸੀ ਹੋਇਆ।
ਖੰਘ! ਖੰਘ!
ਇੱਕਦਮ ਅਚਾਨਕ ਆਰਤੁਰੋ ਬਿਮਾਰ ਪੈ ਗਿਆ।
DAILY NEWS
ਖੰਘ! ਖੰਘ! ਖੰਘ!

ਹੋਰ ਕਈ ਨੌਜਵਾਨ ਬਾਲਗਾਂ ਵਾਂਗ ਹੀ, ਆਰਤੁਰੋ ਬਹੁਤ ਛੇਤੀ ਬਹੁਤ ਜ਼ਿਆਦਾ ਬਿਮਾਰ ਪੈ ਗਿਆ।
ਅਗਲੇ ਦਿਨ,
ਉਸਦੀ ਮੌਤ ਹੋ ਗਈ।
ਇਹ ਸਾਰਿਆਂ ਲਈ ਔਖਾ ਸੀ।
ਅਫ਼ਸੋਸ ਹੈ, ਮੈਡਮ। ਸਾਡੇ ਕੋਲ ਤਾਬੂਤ ਖ਼ਤਮ ਹਨ।
ਅਸੀਂ ਕਿਸੇ ਤਰ੍ਹਾਂ ਦੀ ਦਫ਼ਨਾਉਣ ਦੀ ਰਸਮ ਜਾਂ ਸ਼ੋਕ ਸਭਾਵਾਂ ਨਹੀਂ ਕਰ ਸਕਦੇ, ਜਿਥੇ ਇੱਕ ਦੂਜੇ ਤੋਂ ਫ਼ਲੂ ਲੱਗ ਸਕਦਾ ਹੋਵੇ।
ਮਾਰੀਆ ਨੂੰ ਇਸ ਗੱਲ ਦਾ ਬਹੁਤ ਸਦਮਾ ਪਹੁੰਚਿਆ।
ਇੰਨੇ ਲੋਕ ਮਰ ਗਏ ਸਨ। ਪੂਰੀ ਦੁਨੀਆ ਵਿਚ ਇਸ ਮਹਾਮਾਰੀ ਨਾਲ 50 ਮਿਲੀਅਨ ਲੋਕ ਮਰ ਗਏ, ਅਮਰੀਕਾ ਵਿਚ 675,000 ਲੋਕਾਂ ਦੀ ਮੌਤ ਹੋਈ।
ਤਬਾਹੀ ਵਾਲੀ ਗਿਣਤੀ, ਪਰ ਵੱਡੀ ਬਹੁਗਿਣਤੀ ਵਿਚ ਲੋਕ ਬੱਚ ਗਏ ਸਨ।
''ਮਾਰੀਆ—ਤੁਹਾਡੀ ਵੱਡੀ ਦਾਦੀ—ਬੱਚਣ ਵਾਲਿਆਂ ਵਿਚ ਸੀ''


''ਅਸੀਂ ਸਾਰੇ 1918 ਦੀ ਮਹਾਂਮਾਰੀ ਵਿਚ ਬਚਣ ਵਾਲਿਆਂ ਦੇ ਵੰਸਜ ਹਾਂ।''
ਪਰ ਇਨਫ਼ਲੂਐਂਜ਼ਾ ਦੀ ਮਹਾਮਾਰੀ ਦਾ ਖ਼ਤਰਾ ਹਾਲੀਂ ਵੀ ਖ਼ਤਮ ਨਹੀਂ ਸੀ ਹੋਇਆ।
ਬਾਦ ਵਿਚ:
''...ਸਿਹਤ ਮਾਹਿਰ ਫ਼ਿਕਰਮੰਦ ਹਨ ਕਿ ਇੱਕ ਨਵੇਂ ਫ਼ਲੂ ਵਿਸ਼ਾਣੂ ਨਾਲ ਇੱਕ ਮਹਾਮਾਰੀ ਫੈਲ ਸਕਦੀ ਹੈ...''
ਹੈਲੋ ਮੰਮੀ!
FLU
''ਮਹਾਮਾਰੀ ਵਾਲਾ ਫ਼ਲੂ, ਉਸ ਫ਼ਲੂ ਤੋਂ ਵੱਖਰਾ ਹੈ, ਜਿਸਨੂੰ ਅਸੀਂ ਹਰ ਸਰਦੀਆਂ ਵਿਚ ਵੇਖਦੇ ਹਾਂ।
FLU
ਇਹ ਇੱਕ ਨਵੇਂ ਵਿਸ਼ਾਣੂ ਨਾਲ ਹੁੰਦਾ ਹੈ, ਜਿਸ ਨਾਲ ਮਨੁੱਖੀ ਸਰੀਰ ਦਾ ਕਦੀ ਵਾਹ ਨਹੀਂ ਪੈਂਦਾ।''
FLU


ਸਾਡੇ ਸਰੀਰ ਨੂੰ ਫ਼ਲੂ ਦੇ ਇਸ ਨਵੇਂ ਵਿਸ਼ਾਣੂ ਦਾ ਮੁਕਾਬਲਾ ਕਰਨ ਵਿਚ ਮੁਸ਼ਕਿਲ ਹੋਏਗੀ।
ਇਹ ਫ਼ਲੂ ਵਿਸ਼ਾਣੂ ਹੈ, ਹਜ਼ਾਰਾਂ ਗੁਣਾ ਵੱਡਾ ਕੀਤਾ ਹੋਇਆ।
ਜਿਹੜਾ ਫ਼ਲੂ ਅਸੀਂ ਹਰ ਸਰਦੀਆਂ ਵਿਚ ਵੇਖਦੇ ਹਾਂ, ਤੋਂ ਵੱਖਰਿਆਂ, ਇਸ ਸਮੇਂ ਮਹਾਮਾਰੀ ਵਾਲੇ ਫ਼ਲੂ ਦਾ ਕੋਈ ਟੀਕਾ ਨਹੀਂ ਹੈ।
ਮਹਾਮਾਰੀ ਵਾਲਾ ਇੱਕ ਵਿਸ਼ਾਣੂ, ਲੋਕਾਂ ਵਿਚਕਾਰ ਸੰਪਰਕ ਰਾਹੀਂ ਤੇਜ਼ੀ ਨਾਲ ਫੈਲੇਗਾ।
1918
ਹੁਣ
GATE A11
GATE A12
ਮਹਾਮਾਰੀ ਵਾਲਾ ਫ਼ਲੂ ਦੁਨੀਆ ਦੇ ਹਰ ਕੋਨੇ ਵਿਚ ਫੈਲੇਗਾ। ਹਰ ਥਾਂ, ਰੋਜ਼ਮੱਰਾ ਦਾ ਜੀਵਨ ਬਦਲ ਜਾਏਗਾ।
ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ, ਸਕੂਲ ਅਤੇ ਦਿਨ ਦੀ ਦੇਖਭਾਲ ਵਾਲੀਆਂ ਥਾਵਾਂ ਬੰਦ ਹੋ ਸਕਦੀਆਂ ਹਨ।

ਕਈ ਲੋਕੀਂ ਕੰਮ ਕਰਨ ਤੋਂ ਅਸਮਰੱਥ ਹੋਣਗੇ।
CLOSED
CLOSED
CLOSED
ਆਮ ਸਮਾਰੋਹ ਰੱਦ ਹੋ ਸਕਦੇ ਹਨ।
ਡਾੱਕਟਰੀ ਸੰਭਾਲ ਮਿਲਣੀ ਮੁਸ਼ਕਿਲ ਹੋ ਸਕਦੀ ਹੈ।
EMERGENCY
ਡਾੱਕਟਰ ਵਾਨ ਵੀ ਬਿਮਾਰ ਹਨ। ਮੈਨੂੰ ਨਹੀਂ ਪਤਾ ਕਿ ਅਸੀਂ ਕਿਵੇਂ ਨਜਿੱਠ ਸਕਦੇ ਹਾਂ।
ਪਰ ਫ਼ਲੂ ਦੇ ਜ਼ਿਆਦਾਤਰ ਮਰੀਜ਼ਾਂ ਦੀ ਘਰ ਵਿਚ ਦੇਖਭਾਲ ਕੀਤੀ ਜਾ ਸਕਦੀ ਹੈ।
TEEN MAG
ਇਹ 1918 ਜਿੰਨਾ ਖ਼ਰਾਬ ਨਹੀਂ ਹੋ ਸਕਦਾ। ਫ਼ਲੂ ਦੀ ਮਹਾਮਾਰੀ 1957 ਅਤੇ 1968 ਵਿਚ ਛੋਟੇ ਪੱਧਰ 'ਤੇ ਫੈਲੀ ਸੀ।
1957
1968
ਪਰ ਜੇ ਇਹ ਹਲਕੇ ਪੱਧਰ ਵਾਲੀ ਵੀ ਹੈ, ਤਾਂ ਵੀ ਸਾਨੂੰ ਤਿਆਰ ਰਹਿਣ ਦੀ ਲੋੜ ਹੈ।

ਘੱਟੋ-ਘੱਟ ਇੱਕ ਹਫ਼ਤੇ* ਲਈ ਘਰ ਵਿਚ ਰਹਿਣ ਲਈ ਤਿਆਰ ਰਹੋ।
RICE
RICE
RICE
PASTA
PASTA
SOUP
SOUP
SOUP
SOUP
BEANS
BEANS
BEANS
BEANS
24 Rolls
CAT FOOD
WATER
WATER
*ਘੱਟੋ-ਘੱਟ, ਕਿਉਂਕਿ ਇੱਕ ਮਹਾਮਾਰੀ ਹਫ਼ਤਿਆਂ ਤੋਂ ਮਹੀਨਿਆਂ ਤਕ ਫੈਲੀ ਰਹਿ ਸਕਦੀ ਹੈ।
ਸਿਹਤ ਅਤੇ ਮੈਡੀਕਲ ਨਾਲ ਸਬੰਧਿਤ ਸਪਲਾਈਆਂ ਸਟੋਰ ਕਰੋ।
SOAP
SOAP
HAND SANITIZER
COUGH SYRUP
IBUPROFEN
ਫ਼ੈਸਲਾ ਕਰੋ, ਜੇ ਸਕੂਲ ਬੰਦ ਹਨ, ਤਾਂ ਬੱਚੇ ਕਿਸ ਕੋਲ ਰਹਿਣਗੇ।
ਯੋਜਨਾ ਬਣਾਓ, ਜੇ ਸੰਭਵ ਹੋਵੇ, ਤਾਂ ਤੁਸੀਂ ਘਰ ਤੋਂ ਕਿਵੇਂ ਕੰਮ ਕਰ ਸਕਦੇ ਹੋ
ਇੱਕ ਮਹਾਮਾਰੀ ਦੌਰਾਨ ਗੁਆਂਢੀਆਂ ਦੀ ਮਦਦ ਕਰਨ ਲਈ ਤਿਆਰ ਰਹੋ।
FOOD
ਫ਼ਲੂ ਦੇ ਵਿਸ਼ਾਣੂਆਂ ਨੂੰ ਰੋਕੋ। ਜਦੋਂ ਲੋਕੀਂ ਖੰਘਦੇ ਜਾਂ ਨਿੱਛਾਂ ਮਾਰਦੇ ਹਨ, ਤਾਂ ਇਹ ਫੈਲਦੇ ਹਨ।
AH AH AH CHOO!

ਜਾਂ ਜਦੋਂ ਹੱਥ, ਜਿਹਨਾਂ 'ਤੇ ਫ਼ਲੂ ਦੇ ਵਿਸ਼ਾਣੂ ਹੁੰਦੇ ਹਨ...
ਖੰਘ
ਵਿਸ਼ਾਣੂਆਂ ਨੂੰ ਹੋਰਨਾਂ ਚੀਜ਼ਾਂ ਤਕ ਫੈਲਾਉਂਦੇ ਹਨ। ਫ਼ਲੂ ਦੇ ਵਿਸ਼ਾਣੂ,
ਇਹਨਾਂ ਚੀਜ਼ਾਂ 'ਤੇ ਕਈ ਦਿਨ ਤਕ ਰਹਿ ਸਕਦੇ ਹਨ।
ਆਪਣੇ ਹੱਥਾਂ ਨੂੰ ਵਾਰ-ਵਾਰ ਧੋਣਾ, ਸਭ ਤੋਂ ਵਧੀਆ ਸੁਰਖਿਆ ਹੈ।
SOAP
ਜੇ ਤੁਹਾਡੇ ਕੋਲ ਸਾਬਣ ਅਤੇ ਪਾਣੀ ਨਹੀਂ ਹੈ, ਤਾਂ ਹੱਥਾਂ ਨੂੰ ਅਲਕੋਹਲ ਵਾਲੇ ਸਾਫ਼ ਕਰਨ ਵਾਲੇ ਪਦਾਰਥ ਦੀ ਵਰਤੋਂ ਕਰੋ।
HAND SANITIZER 60% ALCOHOL
ਆਪਣੀ ਖੰਘ ਅਤੇ ਨਿੱਛਾਂ ਨੂੰ ਢਕ ਕੇ ਫ਼ਲੂ ਦੇ ਵਿਸ਼ਾਣੂਆਂ ਨੂੰ ਰੋਕੋ।
A-A-
CHOO!
A-CHOO!
A-CHOO!
ਆਪਣੇ ਸਿਹਤ ਵਿਭਾਗ ਜਾਂ ਇਸ ਵੈਬਸਾਈਟ ਤੋਂ ਮਹਾਮਾਰੀ ਵਾਲੇ ਫ਼ਲੂ ਬਾਰੇ ਹੋਰ ਜਾਣੋ।
www.pandemicflu.gov
PandemicFlu
ਕਲਿੱਕ
ਕਲਿੱਕ
ਕੋਈ ਨਹੀਂ ਜਾਣਦਾ ਕਿ ਮਹਾਮਾਰੀ ਕਦੋਂ ਆਏਗੀ, ਠੀਕ ਹੈ?
ਸੱਚ ਹੈ। ਪਰ ਜੇ ਅਸੀਂ ਹੁਣੇ ਤਿਆਰ ਹੁੰਦੇ ਹਾਂ, ਤਾਂ ਅਸੀਂ ਮਹਾਮਾਰੀ ਦਾ, ਜਦੋਂ ਇਹ ਆਏਗੀ, ਜ਼ਿਆਦਾ ਬਿਹਤਰ ਤਰੀਕੇ ਨਾਲ ਮੁਕਾਬਲਾ ਕਰ ਸਕਾਂਗੇ।
ਜ਼ਿਆਦਾਤਰ ਲੋਕ, ਇੱਕ ਖ਼ਰਾਬ ਮਹਾਮਾਰੀ ਤੋਂ ਵੀ ਬਚ ਜਾਣਗੇ, ਜਿਵੇਂ ਤੁਹਾਡੀ ਵੱਡੀ ਦਾਦੀ ਮਾਰੀਆ ਬਚ ਗਈ ਸੀ।

ਸ਼ਬਦਾਵਲੀ:

ਇਨਫ਼ਲੂਐਂਜ਼ਾ (ਜਾਂ ਫ਼ਲੂ): ਨੱਕ, ਗਲੇ ਅਤੇ ਫ਼ੇਫੜਿਆਂ ਦੀ ਇੱਕ ਬਿਮਾਰੀ, ਜੋ ਇਨਫ਼ਲੂਐਂਜ਼ਾ ਦੇ ਇੱਕ ਵਿਸ਼ਾਣੂ ਨਾਲ ਹੁੰਦੀ ਹੈ। ਫ਼ਲੂ, ਇੱਕ ਵਿਅਕਤੀ ਤੋਂ ਦੂਜੇ ਨੂੰ ਲੱਗ ਸਕਦਾ ਹੈ।

ਮਹਾਮਾਰੀ: ਬਿਮਾਰੀ, ਜੋ ਇੱਕ ਥਾਂ 'ਤੇ ਸ਼ੁਰੂ ਹੁੰਦੀ ਹੈ ਅਤੇ ਪੂਰੀ ਦੁਨੀਆ ਵਿਚ ਫੈਲ ਜਾਂਦੀ ਹੈ।

ਵਿਸ਼ਾਣੂ: ਵਿਸ਼ਾਣੂ ਦੀ ਇੱਕ ਕਿਸਮ, ਜਿਸ ਨਾਲ ਹਲਕੀ ਬਿਮਾਰੀ, ਜਿਵੇਂ ਕਿ ਆਮ ਜ਼ੁਕਾਮ, ਜਾਂ ਕੁਝ ਬਹੁਤ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ। ਐਂਟੀਬਾਓਇਟਿਕ, ਵਿਸ਼ਾਣੂਆਂ ਵਿਰੁਧ ਕੰਮ ਨਹੀਂ ਕਰਦੇ।

ਧੰਨਵਾਦ

Public Health – Seattle & King County Advanced Practice Center ਵਲੋਂ ਵਿਕਸਿਤ ਕੀਤਾ ਗਿਆ

ਕਹਾਣੀ ਦਾ ਵਿਚਾਰ ਅਤੇ ਕਹਾਣੀ ਮੈਰੈਡਿਥ ਲੀ-ਵਾੱਲਮਰ ਅਤੇ ਮੈਥਿਊ ਫ੍ਰੈਂਚ ਦੀ

ਡੇਵਿਡ ਲਾਸਕੀ ਵਲੋਂ ਕਲਾਚਿਤਰ

ਰਕਮਾਂ, [Centers for Disease Control and Prevention (CDC)] ਦੇ [Cooperative Agreement Number U50/CCU302718] 'ਚੋਂ [National Association of County & City Health Officials (NACCHO)] ਨੂੰ ਦਿਤੀਆਂ ਗਈਆਂ। ਇਸਦਾ ਮਜ਼ਮੂਨ, ਪੂਰੇ ਤੌਰ 'ਤੇ ਲੇਖਕਾਂ ਦੀ ਜ਼ਿੰਮੇਵਾਰੀ ਹੈ ਅਤੇ ਇਹ, [CDC] ਜਾਂ [NACCHO] ਦੇ ਰਸਮੀ ਵਿਚਾਰਾਂ ਨੂੰ ਜ਼ਰੂਰੀ ਤਰ੍ਹਾਂ ਨਾਲ ਪੇਸ਼ ਨਹੀਂ ਕਰਦੇ ਹਨ।

NACCHO
National Association of County & City Health Officials
The National Connection for Local Public Health

APC Advancing Public Health Preparedness Through Innovation
Advanced Practice Centers

Public Health
Seattle & King County